# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 21 ਜਨਵਰੀ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸ਼੍ਰੀ ਖਾਟੂ ਧਾਮ ਮੰਦਿਰ ਅਹਿਮਦਗੜ੍ਹ ਲਈ ਰਾਮ ਨਾਮ ਅੰਕਿਤ ਇੱਟਾਂ ਦੀ ਵੰਡ 22 ਜਨਵਰੀ ਤੋਂ।

ਵਰਲਡ ਪੰਜਾਬੀ ਟਾਈਮਜ਼ ਪਵਨ ਗੁਪਤਾ

ਅਹਿਮਦਗੜ 21 ਜਨਵਰੀ : ਅਹਿਮਦਗੜ੍ਹ ਵਿੱਚ ਬਣਾਏ ਜਾ ਰਹੇ ਇੱਛਾਪੁਰਤੀ ਸ਼੍ਰੀ ਖਾਟੂ ਸ਼ਿਆਮ ਜੀ ਮੰਦਰ ਦਾ ਭੂਮੀ ਪੂਜਨ ਸ਼੍ਰੀ ਖਾਟੂ ਸ਼ਿਆਮ ਸੇਵਾ ਮੰਡਲ ਅਹਿਮਦਗੜ੍ਹ ਵੱਲੋਂ 2 ਫਰਵਰੀ ਨੂੰ ਪੋਹੀੜ ਰੋਡ ਸਥਿਤ ਕ੍ਰਿਸ਼ਨਾ ਕੰਪਲੈਕਸ ਵਿਖੇ ਕਰਵਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਖਾਟੂ ਸ਼ਿਆਮ ਸੇਵਾ ਮੰਡਲ ਅਹਿਮਦਗੜ੍ਹ ਦੇ ਪ੍ਰਧਾਨ ਮੋਹਿਤ ਜਿੰਦਲ, ਅਨਿਲ ਮਿੱਤਲ, ਲਲਿਤ ਜਿੰਦਲ, ਰੋਬਿਨ ਗੁਪਤਾ ਅਤੇ ਤਰੁਣ ਸਿੰਗਲਾ ਨੇ ਦੱਸਿਆ ਕਿ ਸ਼੍ਰੀ ਰਾਮ ਨਾਮ ਲਿਖੀਆਂ ਇੱਟਾਂ ਸ਼੍ਰੀ ਖਾਟੂ ਧਾਮ ਰਾਜਸਥਾਨ ਤੋਂ ਮੰਗਵਾਈਆਂ ਗਈਆਂ ਹਨ ਜੋ ਕਿ ਸ਼ਹਿਰ ਦੇ ਹਰ ਪਰਿਵਾਰ



ਕੋਲ ਪਹੁੰਚਾਉਣ ਦਾ ਸਾਡਾ ਉਦੇਸ਼ ਹੈ। ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਦੇ ਪ੍ਰਧਾਨ ਰਮਨ ਸੂਦ ਸੰਜੀਵ ਵਰਮਾ ਜਵੈਲਰਜ਼ ਲੈਕਚਰਾਰ ਲਲਿਤ ਗੁਪਤਾ ਰਾਜੇਸ਼ ਜੋਸ਼ੀ ਹੈਪੀ ਮੁਕੇਸ਼ ਮੋਰਵਾਲ ਨੇ ਦੱਸਿਆ ਕਿ ਅਹਿਮਦਗੜ੍ਹ ਵਿੱਚ ਬਣ ਰਹੇ ਵਿਸ਼ਾਲ ਖਾਟੂ ਸ਼ਿਆਮ ਜੀ ਮੰਦਰ ਲਈ ਰਾਜਸਥਾਨ ਤੋਂ ਆਈਆਂ ਇੱਟਾਂ ਸਾਡੇ ਮੰਡਲ ਵੱਲੋਂ ਘਰ ਘਰ ਪਹੁੰਚਾਈਆਂ ਜਾਣਗੀਆਂ। ਜੇਕਰ ਕਿਸੇ ਪਰਿਵਾਰ ਨੂੰ ਇਹ ਇੱਟ ਨਹੀਂ ਮਿਲਦੀ ਤਾਂ ਵੀ ਉਹ ਸ਼੍ਰੀ ਦੁਰਗਾ ਮਾਤਾ ਮੰਦਰ ਚੌਧਰੀ ਬਲੀਰਾਮ ਮੁਹੱਲਾ ਅਤੇ ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਨਾਲ ਸੰਪਰਕ ਕਰਕੇ ਇੱਟ ਪ੍ਰਾਪਤ ਕਰ ਸਕਦਾ ਹੈ। ਇਸ ਮੌਕੇ ਲੈਕਚਰਾਰ ਲਲਿਤ ਗੁਪਤਾ ਨੇ ਦੱਸਿਆ ਕਿ ਅਯੁੱਧਿਆ ਵਿਖੇ ਭਗਵਾਨ ਸ਼੍ਰੀ ਰਾਮਚੰਦਰ ਜੀ ਦੇ ਪ੍ਰਾਣ ਪ੍ਰਤੀਸ਼ਠਾ ਨੂੰ ਇਕ ਸਾਲ ਪੂਰਾ ਹੋਣ ‘ਤੇ 22 ਜਨਵਰੀ ਤੋਂ ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਵੱਲੋਂ ਸ਼੍ਰੀ ਰਾਮ ਨਾਮ ਲਿਖੀਆਂ ਇੱਟਾਂ ਦੀ ਵੰਡ ਸ਼ੁਰੂ ਕੀਤੀ ਜਾਵੇਗੀ। ਸ਼੍ਰੀ ਗੁਪਤਾ ਨੇ ਅੱਗੇ ਦੱਸਿਆ ਕਿ ਇਹਨਾਂ ਇੱਟਾਂ ਨੂੰ ਆਪਣੇ ਆਪਣੇ ਘਰ ਸਥਿਤ ਮੰਦਿਰ ਵਿੱਚ ਰੱਖ ਕੇ ਪੂਜਾ ਕੀਤੀ ਜਾਵੇ ਅਤੇ ਦੋ ਫਰਵਰੀ ਨੂੰ ਖਾਟੂ ਧਾਮ ਮੰਦਿਰ ਅਹਿਮਦਗੜ ਦੇ ਨੀਹ ਪੱਥਰ ਮੌਕੇ ਇਹ ਇੱਟਾਂ ਨਿੱਜੀ ਤੌਰ ਤੇ ਉੱਥੇ ਜਾ ਕੇ ਆਪਣੇ ਹੱਥਾਂ ਨਾਲ ਉਥੇ ਰੱਖੀਆਂ ਜਾਣ । ਇਸ ਮੌਕੇ ਰਾਮ ਦਿਆਲ ਸ਼ੁਭਮ ਕੁਮਾਰ ਸ਼ਿਵਮ ਕੁਮਾਰ ਗੌਤਮ ਲਵੀਸ਼ ਸੁਭਾਸ਼ ਕੁਮਾਰ ਰਾਜਿੰਦਰ ਗੋਇਲ ਗੁਲਸ਼ਨ ਗੋਇਲ ਰਾਜੀਵ ਰਾਜੂ ਕੇਸ਼ਵ ਬਾਂਸਲ ਰਾਹੁਲ ਗਰਗ ਸੋਨੂੰ ਗਰਗ ਸਰਿਤਾ ਸੋਫਤ ਕੰਚਨ ਭਾਵਨਾ ਹਿਮਾਨੀ ਸੁਸ਼ਮਾ ਆਰਤੀ ਸੰਗੀਤਾ ਸ਼ਾਰਦਾ ਰਾਣੀ ਨੇਹਾ ਬਿੰਦੀਆ ਗੋਇਲ ਰਕਸ਼ਾ ਜੋਸ਼ੀ ਹਰੀਸ਼ ਕੁਮਾਰ ਵੰਸ਼ ਤਾਂਗੜੀ ਅਤੇ ਸਮੂਹ ਮੈਂਬਰ ਮੌਜੂਦ ਸਨ।

## ਤਰਕਸ਼ੀਲਾਂ ਨੇ ਆਦਰਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ

### ਪ੍ਰੋਗਰਾਮ ਦੁਰਾਨ ਚੇਤਨਾ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਵਾਲੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਕੀਤੀ


ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 21 ਜਨਵਰੀ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨੇ ਅੱਜ ਤਰਕਸ਼ੀਲ ਆਗੂ ਮਾਸਟਰ ਪਰਮਵੇਦ ਦੀ ਅਗਵਾਈ ਵਿੱਚ ਆਦਰਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਵਿਖੇ ਇਕ ਸਿਖਿਆਦਾਇਕ ਵਿਗਿਆਨਕ ਵਿਚਾਰਾਂ ਵਾਲਾ ਤਰਕਸ਼ੀਲ ਪਰੋਗਰਾਮ ਦਿੱਤਾ ।ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਆਪਣੇ ਸੰਬੋਧਨ ਵਿੱਚ ਆਪਣੀ ਸੋਚ ਵਿਗਿਆਨਕ ਲੀਹ ਤੇ ਪਾਉਣ ਦਾ ਸੁਨੇਹਾ ਦਿੱਤਾ।ਉਨਾਂ ਵਿਦਿਆਰਥੀਆਂ ਨੂੰ ਹਿੰਮਤ ,ਲਗਨ , ਇਮਾਨਦਾਰੀ ਤੇ ਸਿੱਖਣ ਵਿੱਚ ਲਗਾਤਾਰਤਾ ਰੱਖ ਕੇ ਤੇ ਕੀ,ਕਿਉਂ ਕਿਵੇਂ ਆਦਿ ਗੁਣ ਜਿਹੜੇ ਹਰ ਵਰਤਾਰੇ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜਰੂਰੀ ਹੁੰਦੇ ਹਨ ,ਅਪਨਾਉਣ ਦਾ ਸੁਨੇਹਾ ਦਿੱਤਾ।




ਉਨ੍ਹਾਂ ਕਿਹਾ ਕਿ ਮਨੁੱਖ ਦਾ ਸਭ ਤੋਂ ਨੇੜਲਾ ਸਾਥੀ ਉਸਦਾ ਦਿਮਾਗ਼ ਹੈ। ਇਸ ਮੌਕੇ ਤਰਕਸ਼ੀਲ ਆਗੂਆਂ ਨੇ ਛੇਵੀਂ ਚੇਤਨਾ ਪਰਖ਼ ਪ੍ਰੀਖਿਆ ਵਿੱਚ, ਭਾਗ ਲੈਣ ਵਾਲੇ ਬੱਚਿਆਂ ਨੂੰ ਤੇ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨ ਪੱਤਰ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕੀਤੀ। ਅੱਜ ਦੇ ਇਸ ਸਮਾਗਮ ਵਿੱਚ ਮਨਜੀਤ ਕੌਰ (ਪੰਜਾਬੀ )ਰੁਚੀ ਡੋਗਰਾ (ਹਿੰਦੀ) ਕੁਲਵੀਰ ਸਿੰਘ (ਫਿਜੀਕਲ) ਅਤੇ ਬਲਵੰਤ ਸਿੰਘ ਹਾਜ਼ਰ ਸਨ।
ਸਕੂਲ ਪ੍ਰਿੰਸੀਪਲ ਜੋਗਾ ਸਿੰਘ ਜੀ ਨੇ ਤਰਕਸ਼ੀਲ ਟੀਮ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੱਦਾ ਦਿੱਤਾ।

## ਪਿੰਡ ਦੇ ਪਤੰਗ



ਨਾ ਇੱਕ ਦੂਜੇ ਤੋਂ ਸੜਦੇ ਅਸੀਂ
ਨਾ ਇੱਕ ਦੂਜੇ ਤੋਂ ਹਰਦੇ ਅਸੀਂ
ਸਾਰਾ-ਸਾਰਾ ਦਿਨ ਸੀ ਚੜ੍ਹਾਈ ਜਾਂਦੇ
ਪਤੰਗ ਨੂੰ ਚਿੱਠੀਆਂ ਵੀ ਸੀ ਪਾਈ ਜਾਂਦੇ
ਉੱਡਦੇ ਵਾਂਗ ਪੰਛੀਆਂ ਦੀ ਡਾਰ ਦੇ ਸੀ
ਮੰਮੀ ਦੀਆਂ ਗਾਲਾਂ ਖਾਕੇ ਤਾਰਦੇ ਸੀ

ਉੱਚੀ ਲਾਉਂਦੇ ਡੀਜੇ ਨਾ ਛੱਤ ਤੇ ਅਸੀਂ
ਨਾ ਗਲਾ ਕਿਸੇ ਨਾ ਕੱਟਦੇ ਅਸੀਂ
ਸਾਰਾ ਘਰਦਾ ਸਮਾਨ ਸਾਦਾ ਸੀ
ਨਾ ਚਾਇਨਾ ਦਾ ਕੋਈ ਧਾਗਾ ਸੀ

ਸਿਰਜਣਹਾਰ ਨੇ ਸਜਾਇਆ
ਖੁੱਲ੍ਹਾ ਅਸਮਾਨ ਹੈ ਬਣਾਇਆ
ਰੰਗ-ਬਿਰੰਗੇ ਭਾਵੇਂ ਲਗਾ ਦੇਵੋ
ਜਿੰਨੇ ਮਰਜ਼ੀ ਪਤੰਗ ਚੜ੍ਹਾ ਦੇਵੋ
ਕਿਉਂ ਮੱਥੇ ਪਾਉਂਦੇ ਵੱਟ ਜੇ ਤੁਸੀਂ
ਕਿਉਂ ਇੱਕ ਦੂਜੇ ਦਾ ਕੱਟਦੇ ਤੁਸੀਂ

ਲਿਫ਼ਾਫ਼ਾ ਹੁੰਦੇ ਲਿਉਂਦੇ ਹੱਟ ਤੋਂ ਅਸੀਂ
ਰੀਲ ਚੱਕਦੇ ਮਸ਼ੀਨੋ ਫੱਟ ਤੋਂ ਅਸੀਂ
ਅਸੀਂ ਆਪੇ ਹੀ ਸੀ ਬਣਾ ਲੈਂਦੇ
ਕੰਨ-ਅੱਖਾਂ ਲਾ ਸੀ ਸਜਾ ਲੈਂਦੇ
ਗੋਤੇ ਖਾਂਦੇ ਪੂੰਛ ਲੰਬੀ ਲਾ ਲੈਂਦੇ
ਨਾ ਮੱਥੇ ਵੀ ਪਾਉਂਦੇ ਵੱਟ ਜੇ ਅਸੀਂ
ਨਾ ਇੱਕ ਦੂਜੇ ਦਾ ਕੱਟਦੇ ਅਸੀਂ

ਵਰਲਡ ਪੰਜਾਬੀ ਟਾਈਮਜ਼ ਚੇਤਨ ਬਿਰਧਨੋ

## ਔਰਤ ਨੂੰ ਓਪਰੀ ਸ਼ੈਅ ਦੇ ਡਰ ਤੋਂ ਕੀਤਾ ਮੁਕਤ -ਮਾਸਟਰ ਪਰਮਵੇਦ

### ਮੁਰਝਾਇਆ ਚਿਹਰਾ,ਖਿੜ ਉੱਠਿਆ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 21 ਜਨਵਰੀ : ਤਾਂਤਰਿਕਾਂ, ਅਖੌਤੀ ਸਿਆਣਿਆ, ਬਾਬਿਆਂ ਦੁਆਰਾ ਹਰ ਤਰ੍ਹਾਂ ਦੀ ਬਿਮਾਰੀ, ਰੁਕੇ ਹੋਏ ਕੰਮ, ਕਰੇ ਕਰਾਏ ਅਤੇ ਓਪਰੀ ਸ਼ੈਅ ਦਾ ਅਸਰ ਖਤਮ ਜਾਂ ਨੀ ਹਰ ਸਮੱਸਿਆ,ਹਰ ਬਿਮਾਰੀ ਦਾ ਹਲ , ਗਰੰਟੀ ਸ਼ੁਦਾ ਇਲਾਜ ਕਰਨ ਦਾ ਦਾਅਵਾ ਕਰਨ ਅਤੇ ਇੱਕ ਵਾਰ ਮੌਕਾ ਦੇਣ ਦੀ ਗੱਲ ਕਹਿ ਕੇ ਭਰਮਾਇਆ ਜਾਂਦਾ ਹੈ।
ਆਮ ਤੌਰ ਤੇ ਇਹ ਪੇਸ਼ਾਵਰ ਲੋਕ ਤਜ਼ਰਬੇ ਕਾਰਨ ਤੇ ਲੋਕਾਂ ਦੇ ਲਾਈਲੱਗ ਸੁਭਾਅ ਕਾਰਨ ਮਾਹਿਰ ਹੋ ਜਾਂਦੇ ਹਨ ਅਤੇ ਆਏ ਗਾਹਕ/ਪੀੜਿਤ ਪਰਿਵਾਰ ਤੋਂ ਉਸਦੀ ਪਰਿਵਾਰਿਕ, ਆਰਥਿਕ ਅਤੇ ਮਾਨਸਿਕ ਹਾਲਤ ਬਾਰੇ ਸੌਖਿਆਂ ਹੀ ਜਾਣਕਾਰੀ ਪ੍ਰਾਪਤ ਕਰ ਲੈਂਦੇ ਹਨ, ਤੇ ਫਿਰ ਬਹੁਤ ਸਾਰੀਆਂ ਗੋਲ ਮੋਲ ਗੱਲਾਂ ਕਰਕੇ ਜਿਨਾਂ ਦੇ ਕਈ ਸਾਰੇ ਅਰਥ ਬਣਦੇ ਹੁੰਦੇ ਹਨ, ਦੱਸਦੇ ਹਨ। ਗਾਹਕ ਆਪਣੇ ਆਪ ਹੀ ਆਪਣੇ ਉੱਤੇ ਢੁੱਕਵਾਂ ਅਰਥ ਕੱਢ ਲੈਂਦੇ ਹਨ। ਆਮ ਕਰਕੇ ਇਹ ਸਾਰੇ ਪਖੰਡੀ ਦੁੱਖਾਂ ਤਕਲੀਫਾਂ ਲਈ ਕਿਸੇ ਗੁਆਂਢੀ ਜਾਂ ਰਿਸ਼ਤੇਦਾਰ ਨੂੰ ਜਿੰਮੇਵਾਰ ਠਹਿਰਾਉਂਦੇ ਹਨ, ਗ੍ਰਹਿਆਂ ਦੇ ਪ੍ਰਕੋਪ ਹੋਣ ਦੀ ਗੱਲ ਜਾ ਗ੍ਰਹਿਆਂ ਦਾ ਉਹਨਾਂ ਦੀ ਰਾਸ਼ੀ ਦੇ ਅਨੁਕੂਲ ਨਾ ਹੋਣਾ, ਕਿਸੇ ਦਾ ਖੁਵਾਇਆ, ਕਿਸੇ ਦਾ ਕਰਾਇਆ, ਟੂਣਾ ਟੱਪਿਆ ਆਦਿ ਵਰਗੀਆਂ ਝੂਠੀਆਂ ਗੱਲਾਂ ਦੱਸਦੇ ਹਨ। ਜਿਨ੍ਹਾਂ ਨੂੰ ਦੁਖੀ ਹੋਇਆ ਮਨ ਬਹੁਤ ਜਲਦੀ ਸਵੀਕਾਰ ਕਰ ਲੈਂਦਾ ਹੈ। ਇਹਨਾਂ ਵਿੱਚੋਂ ਬਹੁਤੀਆਂ ਗੱਲਾਂ ਜਾਂ ਭਵਿੱਖ ਬਾਣੀਆਂ ਕੁਦਰਤੀ ਹੀ ਜਾਂ ਮੌਕਾ ਮੇਲ ਦੇ ਤੌਰ ਤੇ ਹੀ ਸਹੀ ਹੋ ਜਾਂਦੀਆਂ ਹਨ, ਜਿਵੇਂ ਕਿ ਪਾਸ/ਫੇਲ ਹੋਣਾ, ਲੜਕਾ/ਲੜਕੀ ਹੋਣਾ, ਕਾਰੋਬਾਰ ਦਾ ਚੱਲ ਪੈਣਾ, ਨੌਕਰੀ ਦਾ ਮਿਲ ਜਾਣਾ, ਪਰਿਵਾਰਿਕ ਸਮੱਸਿਆਵਾਂ ਦਾ ਹੱਲ ਹੋ ਜਾਣਾ ਆਦਿ ਆਦੀ। ਇਸ ਕਾਰਨ ਗਾਹਕ ਦਾ ਵਿਸ਼ਵਾਸ ਅਜਿਹੀਆਂ ਅਖੌਤੀ ਸ਼ਕਤੀਆਂ ਵਿੱਚ ਪੱਕਾ ਹੋ ਜਾਂਦਾ ਹੈ।
ਸਮਾਜ ਦਾ ਵੱਡਾ ਹਿੱਸਾ ਆਪਣੀਆਂ ਸਮੱਸਿਆਵਾਂ ਦੇ ਅਸਲ ਕਾਰਨ ਲੱਭਣ ਤੋਂ ਅਸਮਰਥ ਹੋਣ ਕਾਰਨ ਇਹਨਾਂ ਪਖੰਡੀਆਂ ਵੱਲ ਤੁਰਿਆ ਰਹਿੰਦਾ ਹੈ। ਪੜਤਾਲ ਕਰਕੇ ਵਿਸ਼ਵਾਸ ਕਰਨ ਦੀ ਗੱਲ ਤਾਂ ਅਜੇ ਬਹੁਤ ਦੂਰ ਹੈ, ਇਸ ਤਰ੍ਹਾਂ ਦੇ ਕੇਸ ਅਕਸਰ ਤਰਕਸ਼ੀਲ ਸੁਸਾਇਟੀ ਕੋਲ ਆਉਂਦੇ ਰਹਿੰਦੇ ਹਨ। ਉਨ੍ਹਾਂ ਵਿੱਚੋਂ ਕੀਤੇ ਕਰਾਏ ਤੇ ਓਪਰੀ ਸ਼ੈ ਦੇ ਅਸਰ ਦਾ ਭਰਮ /ਡਰ ਪਾਲ਼ੀ ਬੈਠੇ ਪਰਿਵਾਰ ਦਾ ਇੱਕ ਕੇਸ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ।
ਕਈ ਸਾਲ ਪਹਿਲਾਂ ਤਰਕਸ਼ੀਲ ਸੁਸਾਇਟੀ ਕੋਲ ਇੱਕ ਔਰਤ ਆਈ ਤੇ ਕਹਿਣ ਲੱਗੀ, “ਸਾਡੀ ਨੂੰਹ ਦੇ ਬੱਚਾ ਹੋਣ ਵਾਲਾ ਹੈ।ਉਸ ਨੂੰ ਕਿਸੇ ਨੇ ਕੁਝ ਕਰਵਾ ‘ਤਾ’। ਅਸੀਂ ਬਹੁਤ ਸਾਰੇ ਸਿਆਣਿਆਂ ਕੋਲ ਜਾ ਚੁੱਕੇ ਹਾਂ, ਪਰ ਕਿਤੋਂ ਵੀ ਫਰਕ ਨਹੀਂ ਪੈ ਰਿਹਾ। ਉਸ ਦੇ ਦੌਰੇ ਪੈਂਦੇ ਨੇ।ਹਰ ਸਮੇਂ ਡਰੀ, ਡਰੀ ਰਹਿੰਦੀ ਹੈ, ਨੀਂਦ ਵੀ ਘੱਟ ਹੈ,ਭੁੱਖ ਵੀ ਘੱਟ ਹੈ, ਦਿਨੋਂ ਦਿਨ ਨਿੱਘਰਦੀ ਜਾ ਰਹੀ ਹੈ।” ਅਖੌਤੀ ਸਿਆਣਿਆਂ ਜੋ ਕੁਝ ਦੱਸਿਆ, ਸੁਣ ਕੇ ਮਨ ਨੂੰ ਬਹੁਤ ਠੇਸ ਪਹੁੰਚੀ। ਉਸਨੇ ਕਿਹਾ “ਭਾਈ, ਇੱਕ ਕਹਿੰਦਾ ਤੁਹਾਡੀ ਬਹੂ ਨੂੰ ਓਪਰੀ ਸ਼ੈਅ ਰੂਪੀ ਕਚੀਲ ਚਿੰਬੜੀ ਹੋਈ ਐ।ਕੋਈ ਕਹਿੰਦਾ,ਕਿਸੇ ਨੇ ਕੁੱਝ ਖੁਆ ਤਾ,ਕੋਈ ਕੁੱਝ ਕੋਈ ਕੁੱਝ । ਕਿਸੇ ਨੇ ਗੰਦ ਦੀ ਧੂਣੀ ਦੇਣ ਲਈ ਕਿਹਾ, ਅਸੀਂ ਉਹ ਵੀ ਕੀਤਾ। ਕਿਸੇ ਨੇ ਗੰਦੀ ਜੁੱਤੀ ਸੰਘਾਉਣ ਨੂੰ ਕਿਹਾ, ਅਸੀਂ ਉਹ ਵੀ ਕੀਤਾ। ਕਿਸੇ ਨੇ ਭੂਤ ਭਜਾਉਣ ਲਈ ਗੰਦੀ ਜੁੱਤੀ ਮੂੰਹ ਵਿੱਚ ਪਾਉਣ ਲਈ ਕਿਹਾ, ਅਸੀਂ ਉਹ ਵੀ ਕੀਤਾ। ਕਿਸੇ ਨੇ ਕੜਾਹੀ ਕਰਾਈ।ਇੱਕ ਵਾਰੀ ਤਾਂ ਸਿਆਣੇ ਨੇ ਇਸ ਨੂੰ ਚਿਮਟਿਆਂ ਨਾਲ ਕੁੱਟਿਆ। ਕਿਸੇ ਨੇ ਵਾਲ ਖਿੱਚੇ। ਇੱਕ ਸਿਆਣਾ ਇਸ ਨੂੰ ਗਰਮ ਕੋਲਿਆਂ ਤੇ ਖੜਾਉਣਾ ਚਾਹੁੰਦਾ ਸੀ, ਪਰ ਅਸੀਂ ਅਜਿਹਾ ਨਹੀਂ ਹੋਣ ਦਿੱਤਾ। ਸਾਡੇ ਪਿੰਡ ਵਾਲੇ ਜਸਵਿੰਦਰ ਮਾਸਟਰ ਨੇ ਤੁਹਾਡੀ ਦੱਸ ਪਾਈ ਹੈ। ਸੋ ਭਾਈ ਅਸੀਂ ਬਹੂ ਦੇ ਇਲਾਜ ਲਈ ਤੁਹਾਡੇ ਕੋਲ ਆਏ ਹਾਂ।” ਸਾਰੀ ਗੱਲ ਸੁਣਨ ਤੋਂ ਬਾਅਦ
ਕੱਲ ਉਹਨਾਂ ਦੇ ਘਰ ਆਉਣ ਬਾਰੇ ਕਹਿ ਕੇ ਉਸ ਨੂੰ ਤੋਰ ਦਿੱਤਾ। ਮੈਂ ਆਪਣੇ ਤਰਕਸ਼ੀਲ ਸਾਥੀਆਂ ਨਾਲ ਮੀਟਿੰਗ ਕਰਕੇ ਸਾਰੀ ਗੱਲ ਸਾਂਝੀ ਕੀਤੀ। ਪ੍ਰਗਟ ਸਿੰਘ, ਗੁਰਦੀਪ ਸਿੰਘ ਲਹਿਰਾ, ਕ੍ਰਿਸ਼ਨ ਸਿੰਘ ਤੇ ਮੈਂ ਅਗਲੇ ਦਿਨ ਪੀੜਿਤ ਪਰਿਵਾਰ ਦੇ ਘਰ ਜਾਣ ਦੀ ਸਲਾਹ ਕਰਕੇ ਸਵੇਰੇ ਹੀ ਸਬੰਧਤ ਘਰੇ ਜਾ ਪਹੁੰਚੇ। ਅਸੀਂ ਮਨੋਵਿਗਿਆਨਕ ਤੇ ਵਿਗਿਆਨਿਕ ਪੱਖ ਤੋਂ ਕੁੜੀ ਦੇ ਡਰ ਦਾ ਕਾਰਨ ਜਾਨਣ ਦੀ ਕੋਸ਼ਿਸ਼ ਕੀਤੀ। ਜਾਣਕਾਰੀ ਪ੍ਰਾਪਤ ਕਰਕੇ ਪਤਾ ਲੱਗਿਆ ਕਿ ਲੜਕੀ ਦੀ ਪਹਿਲੀ ਡਿਲੀਵਰੀ ਸੀ ਤੇ ਇਸ ਸਬੰਧੀ ਉਸਦੇ ਮਨ ਵਿੱਚ ਤਰ੍ਹਾਂ ਤਰ੍ਹਾਂ ਦੇ ਖਿਆਲ ਆਉਂਦੇ ਸਨ। ਬਾਕੀ ਦੇ ਡਰ ਤਾਂ ਅਖੌਤੀ ਸਿਆਣਿਆਂ ਨੇ ਉਸ ਦੇ ਮਨ ਵਿੱਚ ਭਰ ਦਿੱਤੇ ਸਨ। ਪਰਿਵਾਰ ਅੰਧ ਵਿਸ਼ਵਾਸੀ ਸੀ, ਜਿਵੇਂ ਜਿਵੇਂ ਅਖੌਤੀ ਸਿਆਣੇ ਡਰਾਉਂਦੇ ਰਹੇ ਉਹ ਡਰਦੇ ਰਹੇ ਤੇ ਗੈਰ ਵਿਗਿਆਨਿਕ ਢੰਗ ਨਾਲ ਇਲਾਜ ਅਤੇ ਲੁੱਟ ਕਰਵਾਉਂਦੇ ਰਹੇ। ਸਿਆਣਿਆਂ ਨੇ ਰੱਜ ਕੇ ਉਹਨਾਂ ਨੂੰ ਲੁੱਟਿਆ।
ਅਸੀਂ ਡਰ ਤੇ ਦੌਰਿਆਂ ਦੇ ਕਾਰਨ ਜਾਣ ਚੁੱਕੇ ਸਾਂ। ਅਸੀਂ ਆਪਣੇ ਢੰਗ ਨਾਲ ਉਸ ਦੇ ਮਨ ਵਿੱਚੋਂ ਉਪਰੀ ਸ਼ੈਅ ਦਾ ਡਰ ਦੂਰ ਕੀਤਾ ਤੇ ਫਿਰ ਇਨ੍ਹਾਂ ਕਾਲਪਨਿਕ ਚੀਜ਼ਾਂ ਦੀ ਅਸਲੀਅਤ ਗੱਲਬਾਤ ਵਿਧੀ ਰਾਹੀਂ ਉਸ ਨੂੰ ਸਮਝਾਈ। ਸਾਡੀ ਗਲਬਾਤ ਦਾ ਉਸ ਤੇ ਅਸਰ ਹੋ ਰਿਹਾ ਸੀ, ਜਿਉਂ, ਜਿਉਂ ਅਸੀਂ ਭੂਤਾਂ ਪ੍ਰੇਤਾਂ,ਕਚੀਲਾਂ ਦੀ ਅਣਹੋਂਦ ਬਾਰੇ ਦਸ ਰਹੇ ਸੀ, ਤਿਉਂ ਤਿਉਂ ਉਹ ਡਰ ਮੁਕਤ ਹੋ ਰਹੀ ਸੀ।ਉਸਨੂੰ ਸਮਝਾਇਆ ਗਿਆ ਕਿ ਡਿਲੀਵਰੀ ਤੋਂ ਡਰਨ ਦੀ ਲੋੜ ਨਹੀਂ। ਖੁਸ਼ੀ ਹੋਣੀ ਚਾਹੀਦੀ ਹੈ, ਨਵਾਂ ਜੀ ਘਰੇ ਆ ਰਿਹਾ ਹੈ।ਉਸਨੂੰ ਪੁੱਛਿਆ ਗਿਆ ਕਿ ਘਰਦਿਆਂ ਵੱਲੋਂ ਨਵੇਂ ਆਉਣ ਵਾਲੇ ਬੱਚੇ ਪ੍ਰਤੀ,ਮੁੰਡੇ ਕੁੜੀ ਬਾਰੇ ਕੋਈ ਗੱਲ ਤਾਂ ਨਹੀਂ ਚੱਲ ਰਹੀ। ਤੇਰਾ ਸਹੁਰਾ ਪਰਿਵਾਰ ਸਿਰਫ ਮੁੰਡੇ ਦੀ ਇੱਛਾ ਤਾਂ ਨਹੀਂ ਕਰ ਰਿਹਾ?
ਉਸਨੇ ਕਿਹਾ ”ਮੇਰਾ ਸਹੁਰਾ ਪਰਿਵਾਰ ਬਹੁਤ ਚੰਗਾ ਹੈ। ਮੇਰਾ ਬਹੁਤ ਜਿਆਦਾ ਖਿਆਲ ਰੱਖਦਾ ਹੈ। ਸਾਰਿਆਂ ਵੱਲੋਂ ਮੈਨੂੰ ਪੂਰਾ ਮਾਣ ਸਤਿਕਾਰ ਮਿਲਦਾ ਹੈ। ਮੇਰਾ ਘਰ ਵਾਲਾ ਮੇਰਾ ਬਹੁਤ ਖਿਆਲ ਰੱਖਦਾ ਹੈ। ਮੈਨੂੰ ਡਿਲੀਵਰੀ ਦਾ ਡਰ ਲੱਗਿਆ ਰਹਿੰਦਾ ਹੈ। ਮੇਰੇ ਮਨ ਵਿੱਚੋਂ ਇਹ ਗੱਲ ਜਾਂਦੀ ਹੀ ਨਹੀਂ। ਪਿਛਲੇ ਸਾਲ ਸਾਡੀ ਗੁਆਂਢਣ ਦੀ ਡਿਲੀਵਰੀ ਨਾਲ ਮੌਤ ਹੋ ਗਈ ਸੀ। ਅਸੀਂ ਉਸਨੂੰ ਸਮਝਾਇਆ ਕਿ ਤੇਰੇ ਸਹੁਰੇ ਪਰਿਵਾਰ ਨੂੰ ਤੇਰੀ ਡਿਲੀਵਰੀ ਹਸਪਤਾਲ ਵਿੱਚ ਕਰਵਾਉਣ ਬਾਰੇ ਕਹਾਂਗੇ। ਕਿਸੇ ਸਿਆਣੇ ਲੇਡੀ ਡਾਕਟਰ ਨਾਲ ਲਗਾਤਾਰ ਸੰਪਰਕ ਵਿੱਚ ਰਹਿਣ ਲਈ ਕਹਾਂਗੇ। ਅਸੀਂ ਕਿਹਾ,”ਉਨਾਂ ਔਰਤਾਂ ਨਾਲ ਹੀ ਅਜਿਹੀ ਮੰਦਭਾਗੀ ਘਟਨਾ ਵਾਪਰਦੀ ਹੈ ਜਿਹੜੇ ਪਰਿਵਾਰ ਡਾਕਟਰਾਂ ਦੇ ਸੰਪਰਕ ਵਿੱਚ ਨਹੀਂ ਰਹਿੰਦੇ।” ਅਸੀਂ ਫਿਰ ਉਸਨੂੰ ਹੌਂਸਲਾ ਦਿੱਤਾ ਤੇ ਓਪਰੀ ਸ਼ੈਅ ਦਾ ਡਰ ਖਤਮ ਕਰਨ ਦਾ ਯਤਨ ਕਰਦੇ ਹੋਏ ਕਿਹਾ; ਮਨਘੜਤ ਭੂਤਾਂ ਪ੍ਰੇਤਾਂ, ਚੁੜੇਲਾਂ, ਕਚੀਲਾਂ ਤੋਂ ਡਰਨ ਦੀ ਲੋੜ ਨਹੀਂ। ਕਿਉਂਕਿ ਜਿਸ ਘਰ ਅਸੀਂ ਆ ਜਾਂਦੇ ਹਾਂ ਤਾਂ ਇਹ ਉੱਥੇ ਜ਼ਿੰਦਗੀ ਭਰ ਨਹੀਂ ਆਉਂਦੀਆਂ। ਇਹ ਤਾਂ ਸਾਡੇ ਨਾਂ ਤੋਂ ਹੀ ਡਰਦੀਆਂ ਨੇ, ਸਾਡੇ ਕਹਿਣ ਦਾ ਮਤਲਬ ਹੈ ਪਰਿਵਾਰ ਇਨ੍ਹਾਂ ਕਾਲਪਨਿਕ ਚੀਜ਼ਾਂ ਤੋਂ ਜਾਣੂੰ ਹੋ ਜਾਂਦਾ ਹੈ।ਅਸਲ ਵਿੱਚ ਇਨ੍ਹਾਂ ਦੀ ਹੋਂਦ ਹੀ ਨਹੀਂ। ਉਸ ਦਾ ਮੁਰਝਾਇਆ ਚਿਹਰਾ ਖਿੜ ਉੱਠਿਆ ਤੇ ਮੁਸਕਰਾਹਟਾਂ ਵਿਖੇਰਨ ਲੱਗਿਆ। ਡਰ ਖੰਭ ਲਾ ਕੇ ਉੱਡ ਚੁੱਕਿਆ ਸੀ ।ਉਸਨੂੰ ਜ਼ਿੰਦਗੀ ਦੀ ਅਸਲੀਅਤ ਤੇ ਭੂਤਾਂ ਪ੍ਰੇਤਾਂ ਦੀ ਅਣਹੋਂਦ ਬਾਰੇ ,ਦੱਸਣਾ ,ਉਸ ਉੱਪਰ ਡੂੰਘਾ ਅਸਰ ਪਾ ਰਿਹਾ ਸੀ। ਅਸੀਂ ਉਸਨੂੰ ਪੁੱਛਿਆ ਹੁਣ ਤੂੰ ਕਿਵੇਂ ਮਹਿਸੂਸ ਕਰ ਰਹੀ ਹੈ ? ਉਸਨੇ ਕਿਹਾ ,”ਅੰਕਲ ਤੁਸੀਂ ਮੈਨੂੰ ਬਚਾ ਲਿਆ, ਇਨਾਂ ਨਾ -ਮੁਰਾਦ ਅਖੌਤੀ ਸਿਆਣਿਆਂ ਨੇ ਤਾਂ ਮੈਨੂੰ ਮਾਰ ਹੀ ਦੇਣਾ ਸੀ।”
ਫਿਰ ਅਸੀਂ ਪਰਿਵਾਰਿਕ ਮੈਂਬਰਾਂ ਨੂੰ ਇਕੱਠਾ ਕੀਤਾ ਤੇ ਕਿਹਾ, ਅਖੌਤੀ ਸਿਆਣੇ ਸਾਨੂੰ ਡਰਾ ਕੇ ਲੁੱਟਦੇ ਨੇ। ਜਦ ਉਹ ਆਪ ਬਿਮਾਰ ਹੁੰਦੇ ਹਨ ਤਾਂ ਉਹ ਡਾਕਟਰਾਂ ਤੋਂ ਇਲਾਜ ਕਰਵਾਉਂਦੇ ਹਨ। ਅੱਜ ਕੱਲ ਵਿਗਿਆਨ ਦਾ ਯੁੱਗ ਹੈ। ਵਿਗਿਆਨ ਨੇ ਸਾਨੂੰ ਜ਼ਿੰਦਗੀ ਲਈ ਬਹੁਤ ਸਾਰੀਆਂ ਸੁੱਖ ਸਹੂਲਤਾਂ ਦਿੱਤੀਆਂ ਹਨ। ਤੁਸੀਂ ਡਰੀ ਜਾਂਦੇ ਹੋ, ਇਹ ਡਰਾਈ ਜਾਂਦੇ ਹਨ। ਤੁਸੀਂ ਝੜੀ ਜਾਂਦੇ ਹੋ, ਤੇ ਇਹ ਤੁਹਾਨੂੰ ਝਾੜਨ ਦੇ ਹੋਰ ਢੰਗ ਤਰੀਕੇ ਲੱਭੀ ਜਾਂਦੇ ਹਨ। ਸੋ ਇਹ ਤੁਹਾਨੂੰ ਡਰਾ ਕੇ ਖੂਬ ਲੁੱਟਦੇ ਹਨ। ਅਸੀਂ ਕਿਹਾ ,”ਤੁਸੀਂ ਆਪ ਸੋਚੋ ਕਿ ਇਹਨਾਂ ਕੋਲ ਅਜਿਹੀ ਕਿਹੜੀ ਸ਼ਕਤੀ ਹੈ ਜਿਸ ਨਾਲ ਇਹ ਤੁਹਾਡਾ ਇਲਾਜ ਕਰ ਸਕਣ। ਇਹਨਾਂ ਕੋਲ ਸਿਰਫ਼ ਇੱਕ ਹੀ ਗੱਲ ਹੈ, ਤੁਹਾਨੂੰ ਡਰਾ ਕੇ ਲੁੱਟਣਾ। ਆਪ ਸਿਆਣੇ ਬਣੋ। ਧਾਗੇ ਤਵੀਤ, ਟੂਣੇ -ਟਾਮਣ ਤਿਆਗੋ ਅਤੇ ਵਿਗਿਆਨਕ ਸੋਚ ਅਪਣਾਓ।
ਅਸੀਂ ਉਨ੍ਹਾਂ ਨੂੰ ਕੁੱਝ ਗੱਲਾਂ ਦੀ ਹਦਾਇਤ ਕੀਤੀ। ਅਸੀਂ ਕਿਹਾ ਕਿ ਤੁਸੀਂ ਕਦੇ ਵੀ ਕਿਸੇ ਅਖੌਤੀ ਸਿਆਣੇ ਕੋਲ ਪੁੱਛਾ ਲੈਣ ਨਹੀਂ ਜਾਣਾ। ਇਸ ਦੀ ਡਿਲੀਵਰੀ ਲਈ ਕਿਸੇ ਮਾਹਰ ਡਾਕਟਰ ਨਾਲ ਸੰਪਰਕ ਕਰੋ, ਤੇ ਡਿਲੀਵਰੀ ਹੋਣ ਤੱਕ ਡਾਕਟਰ ਦੀ ਸਲਾਹ ਲੈਂਦੇ ਰਹੋ।
10 ਦਿਨ ਬਾਅਦ ਅਸੀਂ ਉਨਾਂ ਦੇ ਘਰ ਗਏ, ਸਾਰੇ ਬੜੇ ਖੁਸ਼ ਸਨ। ਸਾਡੀ ਅਚਨਚੇਤ ਆਮਦ ਤੇ ਉਹ ਬਹੁਤ ਜਿਆਦਾ ਅਹਿਸਾਨਮੰਦ ਮਹਿਸੂਸ ਕਰ ਰਹੇ ਸਨ। ਅਸੀਂ ਕਿਹਾ ਕਿ ਕਈ ਵਾਰੀ ਸਬੰਧਤ ਪਰਿਵਾਰ ਠੀਕ ਹੋਣ ਮਗਰੋਂ ਸਾਡੇ ਨਾਲ ਸੰਪਰਕ ਨਹੀਂ ਕਰਦੇ, ਇਸ ਲਈ ਅਸੀਂ ਠੀਕ ਹੋਣ ਤੱਕ ਪਰਿਵਾਰ ਨਾਲ ਸੰਪਰਕ ਰੱਖਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਸਾਡਾ ਗਿਆਨ ਕਿਸੇ ਦੇ ਕੰਮ ਆ ਸਕੇ। ਕੁੜੀ ਦੇ ਚਿਹਰੇ ਦੀ ਰੌਣਕ ਉਸਦੇ ਠੀਕ ਹੋਣ ਦਾ ਪ੍ਰਗਟਾਵਾ ਸੀ। ਇਸ ਤਰ੍ਹਾਂ ਤਰਕਸ਼ੀਲਾਂ ਕੀਤਾ ਉਸ ਔਰਤ ਨੂੰ ਓਪਰੀ ਸ਼ੈਅ ਦੇ ਡਰ ਤੋਂ ਮੁਕਤ। ਅਸੀਂ ਤਰਕਸ਼ੀਲ

## ਖਾਹਿਸ਼




ਤੇਰੇ ਨਾਲ ਜ਼ਿੰਦਗੀ ਜਿਉਣ ਦੀ
ਖਾਹਿਸ਼ ਸਾਡੀ ਅਧੂਰੀ ਰਹਿ ਗਈ ।
ਤੇਰੇ ਨਾਲ.....

ਇਕ ਵਾਰ ਆ ਕੇ ਦੱਸ ਖਾਂ ਸੱਜਣਾ
ਕਿਥੇ ਸਾਡੇ ਹਿੱਸੇ ਦੀ ਚੂਰੀ ਰਹਿ ਗਈ ।
ਤੇਰੇ ਨਾਲ....

ਚੰਗੀ ਤਰ੍ਹਾਂ ਯਾਦ ਹੈ ਤੇਰਾ ਹੱਸਣਾ ਰੁੱਸਣਾ
ਹਾਂ ਸੱਚ ਇਕ ਚੇਤੇ ਤੇਰੀ ਘੂਰੀ ਰਹਿ ਗਈ।
ਤੇਰੇ ਨਾਲ....

ਕਦੇ ਉਮੀਦ ਸੀ ਤੇਰੇ ਮੁੜ ਆਵਣ ਦੀ
ਹੁਣ ਤੇ ਬਾਕੀ ਬਸ ਦੂਰੀ ਰਹਿ ਗਈ।
ਤੇਰੇ ਨਾਲ.......

ਜੇ ਸਾਡੇ ਹਿੱਸੇ ਕੁਝ ਯਾਦਾਂ ਈ ਨੇ ਬਸ
ਉਹਦੇ ਵੀ ਪੱਲੇ ਬਸ ਮਗ਼ਰੂਰੀ ਰਹਿ ਗਈ।
ਤੇਰੇ ਨਾਲ......

ਹਾਂ ਮਿਲੀ ਸੀ ਗੱਲਾਂ ਵੀ ਬਹੁਤ ਹੋਈਆਂ
ਪਰ ਫਿਰ ਵੀ ਗੱਲ ਜ਼ਰੂਰੀ ਰਹਿ ਗਈ।
ਤੇਰੇ ਨਾਲ......

ਉਸ ਆਪਣੀ ਕਹਿ ਲਈ ਜੋ ਸੀ ਕਹਿਣੀ
ਪਰ ਸਾਡੀ ਗੱਲ ਤੇ ਪੂਰੀ ਰਹਿ ਗਈ।
ਤੇਰੇ ਨਾਲ......

ਵਰਲਡ ਪੰਜਾਬੀ ਟਾਈਮਜ਼ ਦੀਪ ਸਿੰਘ


## ਮਿਸਤਰੀ ਪਾਲ ਸਿੰਘ ਲਕੜੀ 'ਚ ਕਲਾਤਮਿਕ ਕਾਰੀਗਰੀ ਨਾਲ ਜਾਨ ਪਾਉਣ ਵਾਲਾ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ



ਜੇ ਕਰ ਕਿੱਤਿਆਂ ਦੀ ਗੱਲ ਕੀਤੀ ਜਾਵੇ ਤਾਂ ਹਰੇਕ ਕਿੱਤੇ ਵਿੱਚ ਕਲਾ ਦੀ ਝਲਕ ਸਬੰਧਤ ਕਾਰੀਗਰ ਦੇ ਕੰਮ 'ਚੋਂ ਜਰੂਰ ਦਿਖਾਈ ਦਿੰਦੀ ਹੈ । ਲਕੜ 'ਚ ਜਾਨ ਪਾਉਣ ਵਾਲੇ ਮਿਸਤਰੀ ਦੇ ਹੱਥਾਂ ਵਿੱਚ ਸੱਚ ਮੁੱਚ ਕਲਾ ਸਮੋਈ ਹੁੰਦੀ ਹੈ ।ਇਸੇ ਤਰ੍ਹਾਂ ਦੇ ਹੀ ਕਾਰੀਗਰ ਹਨ ਸ੍ਰ. ਪਾਲ ਸਿੰਘ ਥੂਹੀ ਵਾਲੇ ਜਿਨ੍ਹਾਂ ਦੇ ਹੱਥਾਂ ਦੀਆਂ ਬਣਾਈਆਂ ਕਲਾਤਮਿਕ ਵਸਤਾਂ ਮਨ ਨੂੰ ਦੂਰੋਂ ਹੀ ਭਾਉਂਦੀਆਂ ਹਨ । ਉਸ ਦਾ ਜਨਮ ਪਿੰਡ ਥੂਹੀ (ਪਟਿਆਲਾ) ਵਿਖੇ ਸਵ: ਸ੍ਰ. ਕਰਤਾਰ ਸਿੰਘ ਸਾਬਕਾ ਸਿਪਾਹੀ (ਮਿਲਟਰੀ) ਜਿਨ੍ਹਾਂ ਨੇ ਦੂਜੀ ਸੰਸਾਰ ਜੰਗ ਲੜਕੇ ਪੈਨਸ਼ਨ ਲਈ , ਦੇ ਘਰ ਮਾਤਾ ਸਵ: ਸਰਦਾਰਨੀ ਚੰਦ ਕੌਰ ਦੀ ਕੁੱਖੋਂ 21 ਨਵੰਬਰ 1953 ਨੂੰ ਹੋਇਆ । ਪਾਲ ਸਿੰਘ ਦੇ ਪਿਤਾ ਸ੍ਰੀ ਕਰਤਾਰ ਸਿੰਘ ਇੱਕ ਸੱਚੀ ਕਿਰਤ ਕਰਨ ਵਾਲੇ ਇਨਸਾਨ ਸਨ।ਉਨ੍ਹਾਂ ਨੇ ਬੜੇ ਔਖੇ ਦਿਨਾਂ ਵਿੱਚ ਦ੍ਰਿੜਤਾ ਨਾਲ ਬੇਝਿਜਕ ਹੋ ਕੇ ਮਿਹਨਤ ਕੀਤੀ । ਸੇਵਾ ਮੁਕਤੀ ਤੋਂ ਬਾਅਦ ਉਹ ਜੱਦੀ ਤਰਖਾਣਾ ਕੰਮ ਵੀ ਕਰਦੇ ਰਹੇ । ਉਹ ਚਰਖੇ, ਗੱਡੇ , ਬੜੀ ਰੀਝ ਨਾਲ ਬਣਾਉਂਦੇ ਸਨ । ਉਨ੍ਹਾਂ ਨੇ ਫੌਜ ਦੀ ਨੌਕਰੀ ਦੌਰਾਨ ਇਮਾਨਦਾਰੀ ਨਾਲ ਕੰਮ ਕੀਤਾ ।ਪਾਲ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਪੰਜਵੀਂ ਤੱਕ ਆਪਣੇ ਪਿੰਡ ਦੇ ਹੀ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ ।ਉਸ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਭਾ ਤੋਂ ਮਿਡਲ ਤੱਕ ਪੜ੍ਹਾਈ ਕਰ ਲਈ ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਆਪ ਨੂੰ ਪੜ੍ਹਾਈ ਛੱਡ ਕੇ ਲਕੜੀ ਦਾ ਕੰਮ ਕਰਨਾ ਪਿਆ ਜਦੋਂ ਕਿ ਉਸ ਦਾ ਪੜ੍ਹਨ ਨੂੰ ਦਿਲ ਕਰਦਾ ਸੀ । ਉਹ ਨਾਮਵਰ ਸ੍ਰੋਮਣੀ ਕਵੀ ਦਰਸ਼ਨ ਬੁੱਟਰ ਦੇ ਜਮਾਤੀ ਹਨ। ਉਸ ਦਾ ਵਿਆਹ 1973 ਵਿੱਚ ਪਿੰਡ ਧਬਲਾਨ ਵਿਖੇ ਮਹਿੰਦਰ ਕੌਰ ਨਾਲ ਹੋਇਆ ।ਉਸ ਨੇ ਆਪਣੇ ਪਿਤਾ ਨਾਲ 1975 ਤੱਕ ਲਕੜੀ ਦਾ ਕੰਮ ਕੀਤਾ ।ਵੱਡਾ ਭਰਾ ਪ੍ਰੇਮ ਸਿੰਘ ਅਤੇ ਪਾਲ ਸਿੰਘ ਇੱਕੋ ਘਰ ਘਰ ਵਿਆਹੇ ਹੋਏ ਹਨ । ਦੋਹਾਂ ਭਰਾਵਾਂ ਨੇ ਫਿਰ ਸਾਂਝਾ ਫਰਨੀਚਰ ਦਾ ਕੰਮ ਸ਼ੁਰੂ ਕੀਤਾ ਜੋ ਉਨ੍ਹਾਂ ਸਾਂਝੇ ਤੌਰ ਤੇ 2016 ਤੱਕ ਕੀਤਾ ।ਮਿ: ਪਾਲ ਸਿੰਘ ਜਿਥੇ ਮੇਖ ਲਾ ਦਿੰਦਾ ਹੈ ਮਜ਼ਾਲ ਕਿ ਚੂਲ ਹਿੱਲ ਜਾਵੇ । ਥੋੜ੍ਹਾ ਚਿਰ ਉਸ ਨੇ ਵੱਖਰਾ ਕੰਮ ਕੀਤਾ ਅਤੇ ਫਿਰ ਪਵਿੱਤਰ ਸ਼ਹੀਦਾਂ ਦੀ ਧਰਤੀ ਫਤਿਹਗੜ੍ਹ ਸਾਹਿਬ ਵਿਖੇ ਪੱਕੀ ਰਿਹਾਇਸ਼ ਬਣਾ ਲਈ ਕਿਉਂ ਕਿ ਬੇਟਾ ਹਰਪ੍ਰੀਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਵਿਖੇ ਕਲੈਰੀਕਲ ਪੋਸਟ ਤੇ ਨੌਕਰੀ ਕਰ ਰਿਹਾ ਹੈ । ਪਾਲ ਸਿੰਘ ਦੇ ਹੱਥ ਦੀ ਸਫਾਈ ਬਣਾਈ ਆਈਟਮ 'ਚੋਂ ਸਾਫ ਝਲਕਦੀ ਹੁੰਦੀ ਹੈ ।ਕੋਠੀਆਂ , ਦੁਕਾਨਾਂ ਅੰਦਰ ਕੱਪ-ਬੋਰਡ , ਅਲਮਾਰੀਆਂ , ਸ਼ੌਅ-ਕੇਸ , ਹੋਰ ਸਾਰਾ ਫਰਨੀਚਰ ਆਦਿ ਦਾ ਤਸੱਲੀਬਖਸ਼ ਕੰਮ ਕਰਕੇ ਸ਼ਹਿਰ ਵਿੱਚ ਨਾਮ ਬਣਾਇਆ ਹੈ । ਉਹ ਡਿਜ਼ਾਇਨ ਵਾਲੇ ਚਰਖੇ ਬਣਾਉਣ ਤੋਂ ਇਲਾਵਾ ਨਮਕਦਾਨੀ, ਚਕਲੇ-ਵੇਲਣੇ , ਰੋਟੀ ਆਦਿ ਰੱਖਣ ਵਾਲੀਆਂ ਜਾਲੀਆਂ , ਘੋਟਣੇ , ਮੋਗਰੀਆਂ, ਬਚੀ ਹੋਈ ਲਕੜੀ ਦੇ ਟੋਟਿਆਂ ਤੋਂ ਬਣਾਉਂਦੇ ਰਹੇ ਹਨ । ਉਨ੍ਹਾਂ ਦਾ ਬੇਟਾ ਹਰਪ੍ਰੀਤ ਸਿੰਘ ਗੋਬਿੰਦਗੜ੍ਹ ਵਿਖੇ ਹਰਪ੍ਰੀਤ ਕੌਰ ਨਾਲ ਵਿਆਹਿਆ ਹੋਇਆ ਹੈ । ਉਸ ਦੀਆਂ ਬੇਟੀਆਂ ਅਰਸ਼ਜੋਤ ਕੌਰ ਅਤੇ ਪ੍ਰਭਨੂਰ ਕੌਰ ਪੜ੍ਹ ਰਹੀਆਂ ਹਨ । ਸਾਰਾ ਪਰਿਵਾਰ ਗੁਰਸਿੱਖੀ ਨਾਲ ਜੁੜਿਆ ਹੋਇਆ ਹੈ । ਬੇਟਾ ਹਰਪ੍ਰੀਤ ਸਿੰਘ ਕਈ ਧਾਰਮਿਕ ਸੰਸਥਾਵਾਂ ਨਾਲ ਜੁੜੇ ਹੋਣ ਕਾਰਨ ਲੌੜਵੰਦਾਂ ਦੀ ਹਮੇਸ਼ਾ ਮਦਦ ਕਰਨ ਲਈ ਤੱਤਪਰ ਰਹਿੰਦਾ ਹੈ । ਮਿ: ਪਾਲ ਸਿੰਘ ਆਪਣੇ ਪਰਿਵਾਰ ਨਾਲ ਮਾਡਰਨ ਵੈਲੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਰਹਿ ਰਹੇ ਹਨ ਅਤੇ ਹੁਣ ਵੀ ਉਹ ਵੀ ਉਹ ਕੰਮ ਕਰਦੇ ਰਹਿੰਦੇ ਹਨ । ਵਾਹਿਗੁਰੂ ਜੀ ਪਰਿਵਾਰ ਨੂੰ ਹਮੇਸ਼ਾਂ ਸਿਹਤਯਾਬੀ ਅਤੇ ਚੜ੍ਹਦੀਕਲਾ ਬਖਸ਼ਣ ।

## ਵੱਡਾ ਘੱਲੂਘਾਰਾ



ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਘਰ ਦਾ ਭੇਤੀ ਲੰਕਾ ਢਾਹੇ ਇਹ ਕਹਾਵਤ ਸੱਚੀ ਹੈ 'ਗੀ

ਅਕਾਲ ਦਾਸ ਜੰਡਿਆਲੀਆ ਗਦਾਰ ਨਿਕਲਿਆ ਜਿਹਦੀ ਬੇੜੀ ਬਹਿ ਗਈ

ਮਾਵਾਂ ਭੈਣਾਂ ਵੀਰ ਬਜ਼ੁਰਗ ਅਣਗਿਣਤ ਕਤਲ ਕਰਾਤੇ

ਕਈ ਸੁਹਾਗਣਾਂ ਹੋਈਆਂ ਰੰਡੀਆਂ ਕਈਆਂ ਦੇ ਸੁਹਾਗ ਮਰਵਾਤੇ

ਕੁੱਪ ਰੋਹੀੜੇ ਤੋਂ ਬਾਹਮਣੀਆਂ ਤੱਕ ਅੱਜ ਵੀ ਧਰਤੀ ਬੋਲੀ

ਨਿਧੜਕ ਹੋ ਕੇ ਖੇਡਿਆ ਸੀ ਇੱਥੇ ਵੈਰੀ ਖੂਨੀ ਹੋਲੀ

ਪਤਾ ਲੱਗਿਆ ਜੱਸਾ ਸਿੰਘ ਨੂੰ ਵਿੱਚ ਮੈਦਾਨ ਦੇ ਆਇਆ

ਮੇਰੇ ਨਾਲ ਦੋ ਹੱਥ ਕਰ ? ਲੈ ਅਬਦਾਲੀ ਨੂੰ ਆਖ ਸੁਣਾਇਆ

ਜੇਕਰ ਬੰਦੇ ਦਾ ਪੁੱਤ ਹੈ ਵਿੱਚ ਮੈਦਾਨ ਦੇ ਕੁੱਦ

ਤੇਰੀ ਫੌਜ ਵੇਖੂਗੀ ਮੇਰੇ ਸਿੰਘ ਵੇਖਣਗੇ ਆਪਣਾ ਹੋਊਗਾ ਯੁੱਧ

ਹੱਕਾ ਬੱਕਾ ਹੋ ਅਬਦਾਲੀ ਭੱਜਿਆ ਸੁਣਕੇ ਸਿੱਖ ਦੀ ਬੋਲੀ

ਨਿਧੜਕ ਹੋ ਕੇ ਖੇਡਿਆ ਸੀ ਇੱਥੇ ਵੈਰੀ ਖੂਨੀ ਹੋਲੀ

ਬੱਚੇ ਬਜ਼ੁਰਗ ਔਰਤਾਂ ਵੀ ਸਨ ਮੁਗਲ ਗਿਣਤੀ ਵਿੱਚ ਸੀ

ਵਾਲੇ ਪਨਾਹ ਲਈ ਵਿੱਚ ਮੁਹਾਰਿਆਂ ਦੇ ਮੁਗਲਾਂ ਨੇ ਉਹ ਵੀ ਸਾੜੇ

ਭੁੱਖੇ ਪਿਆਸੇ ਸਿੰਘਾਂ ਨੇ ਰਣ ਵਿੱਚ ਐਸੀ ਤੇਗ ਬਹਾਈ

12 ਮਿਸਲਾਂ ਦੇ ਸਿੰਘ ਹੋਏ ਇਕੱਠੇ ਜਾਣ ਵੈਰੀ ਨੂੰ ਖੁੰਜੇ ਲਾਈ

ਤਲਵਾਰਾਂ ਨੇਜੇ ਬਰਛੇ ਹਥਿਆਰ ਸਿੰਘਾਂ ਦੇ ਵੈਰੀ ਚਲਾਵੇ ਗੋਲੀ

ਨਿਧੜਕ ਹੋ ਕੇ ਖੇਡਿਆ ਸੀ ਇੱਥੇ ਵੈਰੀ ਖੂਨੀ ਹੋਲੀ

ਬੱਚਿਆਂ ਤੇ ਵੀ ਰਹਿਮ ਕੀਤਾ ਨਾ ਭੱਠਾ ਅਬਦਾਲੀ ਦਾ ਵਹਿ ਗਿਆ

ਸਿਰ ਵੱਢ ਕੇ ਸਿੰਘਾਂ ਦੇ ਗੱਡੇ ਭਰ ਲਾਹੌਰ ਸੀ ਲੈ ਗਿਆ

ਗਿਣਤੀ ਦੇ ਘੱਟ ਸੀ ਫਿਰ ਵੀ ਮਿਸਾਲ ਕਾਇਮ ਸਿੰਘਾਂ ਨੇ ਕਰਤੀ

ਐਸੇ ਸੋਧੇ ਲਾਏ ਮੁਗਲਾਂ ਦੇ ਲਾਲ ਸੂਹੀ ਹੋਈ ਸੀ ਧਰਤੀ

35 ਹਜਾਰ ਸਿੰਘ ਸ਼ਹੀਦ ਇੱਥੇ ਹੋਏ ਗੱਲ ਮਿਣੀ ਤੇ ਤੋਲੀ

ਨਿਧੜਕ ਹੋ ਕੇ ਖੇਡਿਆ ਸੀ ਇੱਥੇ ਵੈਰੀ ਖੂਨੀ ਹੋਲੀ

35000 ਸਿੰਘ ਸ਼ਹੀਦ ਇੱਥੇ ਹੋਇਆ ਵੱਡਾ ਇਹ ਘੱਲੂਘਾਰਾ ਸਿੰਘਾਂ

ਸ਼ਹੀਦਾਂ ਦੀ ਕੁਰਬਾਨੀ ਵੱਡੀ, ਪੂਜੂਗਾ ਜੱਗ ਸਾਰਾ

ਸ਼ਰਧਾ ਨਾਲ ਜੋ ਕਰਾਊ ਅਰਦਾਸ ਸੁੱਖ ਵਰ ਇੱਥੇ ਆਊਗੀ

ਢਾਡੀ ਵਾਰਾਂ ਗਾਉਣਗੇ ਬਲਵਿੰਦਰ ਦੀ ਕਲਮ ਗੀਤ ਬਣਾਊਗੀ

ਨਿਮਾਣਾ ਹੋ ਕੇ ਮੋਮਨਾਬਾਦ ਵਾਲਿਆ ਤੂੰ ਵੀ ਭਰਲਾ ਝੋਲੀ

ਨਿਧੜਕ ਹੋ ਕੇ ਖੇਡਿਆ ਸੀ ਇੱਥੇ ਵੈਰੀ ਖੂਨੀ ਹੋਲੀ

## ਕਲਾਸੀਕਲ ਨਾਚ ਦੀ ਮਾਹਿਰ ਸੀ ਮ੍ਰਿਣਾਲਿਨੀ ਸਾਰਾਭਾਈ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ



ਭਾਰਤ ਦੀ ਉੱਘੀ ਸ਼ਾਸਤਰੀ ਨ੍ਰਿਤਕਾਰਾ ਸ੍ਰੀਮਤੀ ਮ੍ਰਿਣਾਲਿਨੀ ਸਾਰਾਭਾਈ ਦਾ ਜਨਮ 11 ਮਈ 1918 ਨੂੰ ਕੇਰਲ ਵਿਖੇ ਪਿਤਾ ਸਵਾਮੀਨਾਥਨ ਦੇ ਘਰ ਮਾਤਾ ਅੰਮੂ ਦੀ ਕੁੱਖੋਂ ਹੋਇਆ। ਇਸ ਪਰਿਵਾਰ ਨੇ ਆਪੋ-ਆਪਣੇ ਖੇਤਰਾਂ ਵਿਚ ਬੜੇ ਮਹੱਤਵਪੂਰਨ ਕਾਰਜ ਕੀਤੇ। ਮ੍ਰਿਣਾਲਨੀ ਦੇ ਪਿਤਾ ਮਦਰਾਸ ਹਾਈਕੋਰਟ ਦੇ ਪ੍ਰਸਿੱਧ ਵਕੀਲ ਹੋਣ ਦੇ ਨਾਲ-ਨਾਲ ਮਦਰਾਸ ਲਾਅ ਕਾਲਜ ਦੇ ਪ੍ਰਿੰਸੀਪਲ ਵੀ ਰਹੇ। ਮਾਂ ਅੰਮੂ ਆਪਣੇ ਸਮੇਂ ਦੀ ਸਿਰਕੱਢ ਔਰਤ ਸੀ, ਜਿਸ ਨੇ ਜੰਗੇ-ਆਜ਼ਾਦੀ ਵਿਚ ਭਰਪੂਰ ਯੋਗਦਾਨ ਦਿੱਤਾ। ਮ੍ਰਿਣਾਲਿਨੀ ਦੀ ਵੱਡੀ ਭੈਣ ਲਕਸ਼ਮੀ ਸਹਿਗਲ ਨੇਤਾ ਜੀ ਸੁਭਾਸ਼ ਚੰਦਰ ਬੋਸ ਦੁਆਰਾ ਸਥਾਪਤ ਆਜ਼ਾਦ ਹਿੰਦ ਫ਼ੌਜ (ਇੰਡੀਅਨ ਨੈਸ਼ਨਲ ਆਰਮੀ) ਵਿਚ 'ਰਾਣੀ ਝਾਂਸੀ ਰੈਜੀਮੈਂਟ' ਦੀ ਕਮਾਂਡਰ-ਇਨ-ਚੀਫ ਸੀ। ਉਸਦਾ ਵੱਡਾ ਭਰਾ ਗੋਵਿੰਦ ਸਵਾਮੀਨਾਥਨ ਆਪਣੇ ਪਿਤਾ ਵਾਂਗ ਹੀ ਮਦਰਾਸ ਦਾ ਪ੍ਰਸਿੱਧ ਵਕੀਲ ਰਿਹਾ, ਜਿਸ ਨੂੰ ਸੰਵਿਧਾਨਕ ਅਤੇ ਕ੍ਰਿਮੀਨਲ ਲਾਅ ਦੇ ਨਾਲ-ਨਾਲ ਸਿਵਲ ਅਤੇ ਕੰਪਨੀ ਲਾਅ ਵਿੱਚ ਵੀ ਕਾਫੀ ਮੁਹਾਰਤ ਸੀ। ਉਸ ਨੇ ਮਦਰਾਸ ਦੇ ਅਟਾਰਨੀ ਜਨਰਲ ਵਜੋਂ ਵੀ ਸੇਵਾਵਾਂ ਨਿਭਾਈਆਂ।

ਮ੍ਰਿਣਾਲਿਨੀ ਨੇ ਆਪਣੇ ਕਾਰਜ-ਖੇਤਰ ਵਿੱਚ ਕਲਾਸੀਕਲ ਡਾਂਸਰ, ਕੋਰੀਓਗ੍ਰਾਫਰ ਅਤੇ ਇੰਸਟ੍ਰੱਕਟਰ ਵਜੋਂ ਪ੍ਰਸਿੱਧੀ ਹਾਸਲ ਕੀਤੀ। ਉਸ ਨੇ ਆਪਣਾ ਬਚਪਨ ਸਵਿਟਜ਼ਰਲੈਂਡ ਵਿਖੇ ਬਿਤਾਇਆ, ਜਿੱਥੇ ਉਸਨੇ ਡੈਲਕਰੋਜ਼ ਸਕੂਲ ਵਿੱਚ ਪੜ੍ਹਾਈ ਕੀਤੀ। ਇਸ ਸਕੂਲ ਵਿਚ ਪੱਛਮੀ-ਸ਼ੈਲੀ ਦੀਆਂ ਨ੍ਰਿਤ-ਮੁਦਰਾਵਾਂ ਸਿਖਾਈਆਂ ਜਾਂਦੀਆਂ ਸਨ। ਕੁਝ ਸਮਾਂ ਉਸ ਨੇ ਗੁਰੂਦੇਵ ਰਾਬਿੰਦਰ ਨਾਥ ਟੈਗੋਰ ਦੀ ਦੇਖਰੇਖ ਹੇਠ ਸ਼ਾਂਤੀ ਨਿਕੇਤਨ ਵਿਖੇ ਵੀ ਪੜ੍ਹਾਈ ਕੀਤੀ। ਉਹ ਅਮਰੀਕਾ ਦੀ ਅਮੈਰਿਕਨ ਅਕੈਡਮੀ ਆਫ਼ ਡਰਾਮੈਟਿਕ ਆਰਟਸ ਵਿੱਚ ਵੀ ਪੜ੍ਹਦੀ ਰਹੀ। ਭਾਰਤ ਵਿੱਚ ਉਸਨੇ ਦੱਖਣ-ਭਾਰਤੀ ਕਲਾਸੀਕਲ ਨ੍ਰਿਤ- ਸ਼ੈਲੀਆਂ ਦੀ ਸਿਖਲਾਈ ਪ੍ਰਾਪਤ ਕੀਤੀ। ਇਨ੍ਹਾਂ ਵਿੱਚ ਭਰਤ-ਨਾਟਿਅਮ ਅਤੇ ਕਥਾਕਲੀ ਨ੍ਰਿਤ ਪ੍ਰਮੁੱਖ ਸਨ। ਇਨ੍ਹਾਂ ਸ਼ੈਲੀਆਂ ਵਿੱਚ ਪ੍ਰਵੀਣ ਹੋਣ ਲਈ ਉਹਨੇ ਕ੍ਰਮਵਾਰ ਮੀਨਾਕਸ਼ੀ ਸੁੰਦਰ ਪਿੱਲੈ ਅਤੇ ਤਕਸ਼ੀ ਕੁੰਚੂ ਕੁਰੂਪ ਦੀ ਸ਼ਾਗਿਰਦੀ ਕਬੂਲ ਕੀਤੀ।

1942 ਵਿੱਚ ਮ੍ਰਿਣਾਲਿਨੀ ਦੀ ਸ਼ਾਦੀ ਭਾਰਤੀ ਸਪੇਸ ਪ੍ਰੋਗਰਾਮ ਦੇ ਪਿਤਾਮਾ ਵਿਕਰਮ ਸਾਰਾਭਾਈ ਨਾਲ ਹੋ ਗਈ, ਜਿਨ੍ਹਾਂ ਨੇ ਮ੍ਰਿਣਾਲਿਨੀ ਨੂੰ ਆਪਣੀਆਂ ਗਤੀਵਿਧੀਆਂ ਲਈ ਪੂਰੀ ਖੁੱਲ੍ਹ ਦਿੱਤੀ ਹੋਈ ਸੀ। ਮ੍ਰਿਣਾਲਿਨੀ ਦੇ ਦੋ ਬੱਚੇ ਹਨ: ਬੇਟੀ ਮੱਲਿਕਾ ਅਤੇ ਬੇਟਾ ਕਾਰਤੀਕੇਯ। ਇਨ੍ਹਾਂ ਦੋਹਾਂ ਬੱਚਿਆਂ ਨੇ ਵੀ ਮਾਂ ਵਾਂਗ ਨ੍ਰਿਤ ਅਤੇ ਥੀਏਟਰ ਵਿਚ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ ਹੈ। 1948 ਵਿੱਚ ਮ੍ਰਿਣਾਲਿਨੀ ਨੇ ਅਹਿਮਦਾਬਾਦ ਵਿਖੇ 'ਦਰਪਣ' ਨਾਮ ਦੀ ਪਰਫਾਰਮਿੰਗ ਆਰਟਸ ਦੀ ਅਕੈਡਮੀ ਸ਼ੁਰੂ ਕੀਤੀ। ਇਕ ਸਾਲ ਪਿੱਛੋਂ ਉਸ ਨੇ ਪੈਰਿਸ ਦੇ 'ਥੀਏਟਰ ਡੀ ਚੈਲੀਅਟ' ਵਿੱਚ ਆਪਣੀ ਪੇਸ਼ਕਾਰੀ ਦਿੱਤੀ, ਜਿਸ ਦੀ ਦੂਰ- ਦੁਰਾਡੇ ਕਾਫੀ ਪ੍ਰਸੰਸਾ ਹੋਈ।

ਮ੍ਰਿਣਾਲਿਨੀ ਨੇ ਕਰੀਬ 300 ਨ੍ਰਿਤ-ਪੇਸ਼ਕਾਰੀਆਂ ਲਈ ਕੋਰੀਓਗ੍ਰਾਫੀ ਕੀਤੀ। ਇਸ ਦੇ ਨਾਲ-ਨਾਲ ਉਹਨੇ ਬੱਚਿਆਂ ਲਈ ਵੀ ਬਹੁਤ ਸਾਰੇ ਨਾਵਲ, ਕਹਾਣੀਆਂ, ਕਵਿਤਾਵਾਂ ਤੇ ਨਾਟਕਾਂ ਦੀ ਰਚਨਾ ਕੀਤੀ। ਉਹ 'ਗੁਜਰਾਤ ਸਟੇਟ ਹੈਂਡੀਕ੍ਰਾਫਟਸ ਐਂਡ ਹੈਂਡਲੂਮ ਡਿਵੈੱਲਪਮੈਂਟ ਕਾਰਪੋਰੇਸ਼ਨ ਲਿਮਟਿਡ' ਅਤੇ 'ਨਹਿਰੂ ਫਾਊਂਡੇਸ਼ਨ ਫਾਰ ਡਿਵੈੱਲਪਮੈਂਟ' ਦੀ ਚੇਅਰਪਰਸਨ ਵੀ ਰਹੀ। ਉਹ ਗਾਂਧੀਵਾਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨ ਵਾਲੇ 'ਸਰਵੋਦਯ ਇੰਟਰਨੈਸ਼ਨਲ ਟਰੱਸਟ' ਦੀ ਟਰੱਸਟੀ ਵੀ ਰਹੀ। ਉਸ ਦੀ ਸਵੈਜੀਵਨੀ "ਮ੍ਰਿਣਾਲਿਨੀ ਸਾਰਾਭਾਈ: ਦ ਵਾਇਸ ਆਫ ਦ ਹਾਰਟ" ਵੀ ਪ੍ਰਕਾਸ਼ਿਤ ਹੋ ਚੁੱਕੀ ਹੈ।

ਮ੍ਰਿਣਾਲਿਨੀ ਨੂੰ ਉਸ ਦੇ ਕਾਰਜਾਂ ਲਈ ਭਾਰਤ ਸਰਕਾਰ ਵੱਲੋਂ 1965 ਵਿੱਚ 'ਪਦਮ ਸ਼੍ਰੀ' ਅਤੇ 1992 ਵਿਚ 'ਪਦਮ ਭੂਸ਼ਨ' ਦੇ ਕੇ ਸਨਮਾਨਿਤ ਕੀਤਾ ਗਿਆ। 1997 ਵਿੱਚ ਉਸ ਨੂੰ ਯੂਨੀਵਰਸਿਟੀ ਆਫ ਈਸਟ ਐਂਗਲੀਆ, ਨੌਰਵਿਚ, ਯੂਕੇ ਵੱਲੋਂ "ਡਾਕਟਰ ਆਫ ਲੈਟਰਜ਼" ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਗਈ। ਡਾਂਸ ਫ੍ਰੈਂਚ ਆਰਕਾਈਵਜ਼ ਤੋਂ ਮੈਡਲ ਅਤੇ ਡਿਪਲੋਮਾ ਹਾਸਲ ਕਰਨ ਵਾਲੀ ਉਹ ਪਹਿਲੀ ਭਾਰਤੀ ਔਰਤ ਸੀ। 1990 ਵਿੱਚ ਉਸ ਨੂੰ ਪੈਰਿਸ ਦੀ ਅੰਤਰਰਾਸ਼ਟਰੀ ਡਾਂਸ ਕੌਂਸਲ ਦੀ ਐਗਜ਼ੀਕਿਊਟਿਵ ਕਮੇਟੀ ਲਈ ਨਾਮਜ਼ਦ ਕੀਤਾ ਗਿਆ। 1994 ਵਿਚ ਸੰਗੀਤ ਨਾਟਕ ਅਕੈਡਮੀ, ਨਵੀਂ ਦਿੱਲੀ ਵੱਲੋਂ ਮ੍ਰਿਣਾਲਿਨੀ ਨੂੰ ਫੈਲੋਸ਼ਿਪ ਦਿੱਤੀ ਗਈ। ਮੈਕਸੀਕੋ ਦੀ ਬੈਲੇ ਫੋਕਲੋਰਿਕੋ ਲਈ ਉਸਨੂੰ ਮੈਕਸੀਕਨ ਸਰਕਾਰ ਵੱਲੋਂ ਗੋਲਡ ਮੈਡਲ ਭੇਟ ਕੀਤਾ ਗਿਆ। 28 ਦਸੰਬਰ 1998 ਨੂੰ 'ਦਰਪਣ ਅਕੈਡਮੀ ਆਫ ਪ੍ਰਫਾਰਮਿੰਗ ਆਰਟਸ' ਨੇ ਆਪਣੀ ਗੋਲਡਨ ਜੁਬਲੀ ਸਮੇਂ ਕਿਸੇ ਸ਼ਖ਼ਸੀਅਤ ਨੂੰ ਕਲਾਸੀਕਲ ਨ੍ਰਿਤ ਦੇ ਖੇਤਰ ਵਿਚ "ਮ੍ਰਿਣਾਲਿਨੀ ਸਾਰਾਭਾਈ ਐਵਾਰਡ ਫਾਰ ਕਲਾਸੀਕਲ ਐਕਸੀਲੈਂਸ" ਹਰ ਵਰ੍ਹੇ ਦੇਣ ਦਾ ਐਲਾਨ ਕੀਤਾ।

ਮੌਤ ਤੋਂ ਇੱਕ ਦਿਨ ਪਹਿਲਾਂ ਹੀ ਉਹਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ, ਪਰ ਅਗਲੇ ਹੀ ਦਿਨ, 21 ਜਨਵਰੀ 2016 ਨੂੰ ਕਰੀਬ 97½ ਸਾਲ ਦੀ ਉਮਰ ਵਿਚ ਅਹਿਮਦਾਬਾਦ (ਗੁਜਰਾਤ) ਵਿਖੇ ਮ੍ਰਿਣਾਲਿਨੀ ਦਾ ਦੇਹਾਂਤ ਹੋ ਗਿਆ। ਮ੍ਰਿਣਾਲਿਨੀ ਨੂੰ ਉਹਦੇ ਜਾਣਕਾਰ "ਅੰਮਾ" ਕਹਿ ਕੇ ਬੁਲਾਉਂਦੇ ਸਨ। ਉਸ ਦੀ 'ਦਰਪਣ' ਅਕੈਡਮੀ ਵੱਲੋਂ ਹੁਣ ਤੱਕ ਕਰੀਬ ਅਠਾਰਾਂ ਹਜ਼ਾਰ ਵਿਦਿਆਰਥੀਆਂ ਨੂੰ ਸ਼ਾਸਤਰੀ ਨਾਚਾਂ ਦੀ ਸਿੱਖਿਆ ਦਿੱਤੀ ਜਾ ਚੁੱਕੀ ਹੈ। ਭਾਰਤੀ ਸ਼ਾਸਤਰੀ ਨ੍ਰਿਤ- ਸ਼ੈਲੀ ਦੇ ਖੇਤਰ ਵਿੱਚ ਮ੍ਰਿਣਾਲਿਨੀ ਦਾ ਹਮੇਸ਼ਾ ਅਮਰ ਰਹੇਗਾ।

## ਖੂਹ ਦੇ ਡੱਡੂ

ਵਰਲਡ ਪੰਜਾਬੀ ਟਾਈਮਜ਼
ਜੇਤ ਭੰਗੂ



ਜਦੋਂ ਚੌਂਕਾਂ ਚ ਤੁਹਾਡੇ ਲੰਘ ਜਾਣ ਪਿੱਛੋਂ ਇਹ ਗੱਲਾਂ ਹੋਣ ਲੱਗ ਜਾਣ ਕਿ ਦੇਖ "ਕਿਵੇਂ ਤੁਰਿਆ ਫਿਰਦਾ" ਅਤੇ ਹੋਰ ਕਈ ਤਰ੍ਹਾਂ ਦੀਆਂ ਗੱਲਾਂ ਜੋ ਤੁਹਾਡੀ ਗੈਰ ਮੌਜੂਦਗੀ ਚ ਹੋਣ ਤਾਂ ਇਹ ਗੱਲਾਂ ਉਹਨਾਂ ਗੱਲਾਂ ਦੇ ਸਬੂਤ ਹਨ ਕਿ ਤੁਸੀਂ ਕੁਝ ਕਰ ਰਹੇ ਹੋ ਪਰ ਨਿਸ਼ਚਾ ਤੁਹਾਡਾ ਹੈ ਕਿ ਜੋ ਕਰ ਰਹੇ ਹੋ ਉਹ ਸਹੀ ਹੈ ਜਾਂ ਗਲਤ। ਹਰੇਕ ਸੱਥ ਚ ਅਤੇ ਹਰੇਕ ਚੌਂਕ ਚ ਤੁਹਾਡੇ ਆਲੇ ਦੁਆਲੇ ਸੀ.ਸੀ. ਟੀ.ਵੀ ਲੱਗੇ ਹੁੰਦੇ ਹਨ ਜੋ ਤੁਹਾਡੇ ਪਲ ਪਲ ਦੀ ਰਿਪੋਰਟ ਰੱਖਦੇ ਹਨ ਇਥੋਂ ਤੱਕ ਹੀ ਨਹੀਂ ਇਹ ਸੀ.ਸੀ.ਟੀ.ਵੀ ਬੋਲਦੇ ਵੀ ਹਨ ਅਤੇ ਆਲੋਚਨਾ ਵੀ ਕਰਦੇ ਹਨ ਜਿਵੇਂ "ਉਹ ਦੇਖ ਕਿਵੇਂ ਪਾਟੇ ਕੱਪੜੇ ਪਾਈ ਫਿਰਦਾ, ਪੱਕਾ ਚਿੱਪੜ ਐ" "ਦੇਖ ਕਿਵੇਂ ਮਹਿੰਗੇ ਲੀੜੇ ਪਾਏ ਐ ਪੱਕਾ ਦੋ ਨੰਬਰ ਦਾ ਧੰਦਾ ਏ"। ਹਰ ਤਰ੍ਹਾਂ ਦੀ ਆਲੋਚਨਾ ਚਾਹੇ ਅਮੀਰ ਵਾਸਤੇ, ਚਾਹੇ ਗਰੀਬ ਵਾਸਤੇ ਜਾ ਮਾਤੜ ਵਾਸਤੇ ਸਾਨੂੰ ਸੁਣਨ ਨੂੰ ਮਿਲਦੀ ਹੈ। ਚੌਂਕਾਂ ਚ ਹੇੜਾਂ ਬੰਨੀ ਖੜੇ ਲੋਕ ਸਿਰਫ ਆਪਣਾ ਪੈਮਾਨਾ ਦੱਸਦੇ ਹਨ ਠੀਕ ਉਵੇਂ ਹੀ ਕਿ ਜਿਵੇਂ – "ਖੂਹ ਦਾ ਡੱਡੂ ਖੂਹ ਜਿੰਨੀ ਹੀ ਛਾਲ ਮਾਰ ਸਕਦਾ ਏ", "ਕਿਸੇ ਬੰਦ ਪਈ ਕਿਤਾਬ ਨੂੰ ਉਹਦੀ ਜਿਲਦ ਤੋਂ ਅੰਦਾਜ਼ਾ ਨਹੀਂ ਲਗਾਉਣਾ ਚਾਹੀਦਾ ਕਿ ਇਸ ਕਿਤਾਬ ਅੰਦਰ ਕੀ ਹੈ। ਠੀਕ ਉਸੇ ਤਰ੍ਹਾਂ ਕਿਸੇ ਦੇ ਰੰਗ ਬੰਨ ਤੋਂ ਜਾਂ ਸ਼ਕਲ ਸੂਰਤ ਤੋਂ ਇਹ ਜਾਣ ਲੈਣਾ ਕਿ ਇਹਨੂੰ ਕੀ ਪਤਾ ਹੋਊ ? ਸਭ ਤੋਂ ਵੱਡੀ ਨਾ ਸਮਝੀ ਅਤੇ ਅਨਪੜਤਾ ਹੈ। ਜਦੋਂ ਮਹਾਤੜ ਬੰਦਾ ਮਿਹਨਤ ਦੇ ਜ਼ੋਰ ਤੋਂ ਕੁਝ ਕਰਕੇ ਅੱਗੇ ਆਉਂਦਾ ਹੈ ਤਾਂ ਸੰਸਾਰ ਇਹ ਕਹਿੰਦਾ ਹੈ ਕਿ ਇਹ ਬੰਦਾ ਹੰਕਾਰ ਦੀ ਬੁੱਕਲ ਚ ਹੈ । ਪਰ ਇਹ ਹੋਣਾ ਸੁਭਾਵਿਕ ਹੀ ਹੁੰਦਾ ਹੈ ਜਦੋਂ ਗਰੀਬ ਦੀ ਚੀਕ ਨਿਕਲਦੀ ਹੈ ਤਾਂ ਅੰਬਰਾਂ ਦੇ ਵੀ ਅੰਬਾਰ ਲੱਗ ਜਾਂਦੇ ਹਨ। ਖੈਰ ਸਾਰੀਆਂ ਗੱਲਾਂ ਸਮੇਟਣ ਤੋਂ ਬਾਅਦ – "ਜਿੰਨਾ ਤੁਸੀਂ ਸੋਚ ਸਕਦੇ ਹੋ ਸੋਚੋ ਪਰ ਆਪਣੀ ਸੋਚ ਨੂੰ ਦੂਸਰੇ ਉੱਤੇ ਨਾ ਥੋਪੋ। ਕਿਸੇ ਨੂੰ ਉਹਦੇ ਪਹਿਰਾਵੇ ਤੋਂ ਅਤੇ ਸ਼ਕਲ ਸੂਰਤ ਪੱਖੋਂ ਨਾ ਪਰਖੋ। ਅਖੀਰਲੀ ਗੱਲ ਜੇ ਤੁਸੀਂ ਖੁਦ ਨਹੀਂ ਕੁਝ ਕਰ ਸਕਦੇ ਤਾਂ ਦੂਸਰੇ ਨੂੰ ਅੱਗੇ ਵਧਣ ਤੇ ਟਿੱਪਣੀ ਨਾ ਦਿਓ ਅਤੇ ਢਾਣੀਆਂ (ਟੋਲੇ) ਬਣਾ ਕੇ ਭਾਈਚਾਰਾ ਨਾ ਸਾਬਤ ਕਰੋ ਕਿਉਂਕਿ ਔਖੇ ਸਮੇਂ ਸਿਰਫ ਤੁਹਾਡੇ ਮਾਂ ਬਾਪ ਜਾਂ ਤੁਹਾਡੇ ਦੋ ਚਾਰ ਸਾਕ ਸਬੰਧੀ ਤੁਹਾਡੇ ਕਰੀਬ ਹੁੰਦੇ ਹਨ।

## ਚਾਈਨਾ ਡੋਰ



ਚਾਈਨਾ ਡੋਰ ਵੇਚਣ ਤੇ—ਖਰੀਦਣ ਵਾਲਿਓ
ਇਸ ਗੱਲ ਦਾ ਵੀ,ਤੁਸੀ ਜਰਾਂ ਧਿਆਨ ਕਰੋ

ਸਰਕਾਰਾਂ ਨੇ ਵੀ, ਸਖ਼ਤ ਕਾਨੂੰਨ ਬਣਾ ਦਿੱਤੇ
ਹੁਣ ਤੁਸੀ, ਇਸ ਗੱਲ ਤੇ ਜ਼ਰਾਂ ਧਿਆਨ ਕਰੋ

ਚਾਈਨਾ ਡੋਰ-ਜੋ ਵੀ, ਆਪਣੇ ਕੋਲ, ਰੱਖੇਗਾ
ਉਸ ਸਮਾਜ ਵਿਰੋਧੀ ਨੂੰ ਤੁਸੀ ਰੰਗੇ ਹੱਥੀਂ ਫੜੋ

ਜਾ ਪੁਲੀਸ ਸਟੇਸ਼ਨ,ਉਸ ਦੀ ਸ਼ਿਕਾਇਤ ਕਰੋ
ਤੁਸੀ ਵਿੱਚ ਇਨਾਮ ਦੇ ਫੇਰ ਪੱਚੀ ਹਜ਼ਾਰ ਫੜੋ

ਸਾਰੇ ਰਲ ਮਿਲ ਕੇ—- ਇਹ ਮੁਹਿੰਮ ਚਲਾਓ
ਕਿ, ਸਭ ਚਾਈਨਾ ਡੋਰ ਦਾ, ਬਾਈਕਾਟ ਕਰੋ

ਇਸ ਨੂੰ ਖਰੀਦਣ-ਵੇਚਣ ਤੇ ਸਭ ਗੁਰੇਜ਼ ਕਰੋ

ਬਸ, ਇਹੋ ਗੱਲ ਦੀ, ਸਭਨਾਂ ਨੂੰ ਅਪੀਲ ਕਰੋ

ਇਸ ਦੇ ਕਾਰਨ—-ਘਰਾਂ ਦੇ ਦੀਵੇ ਬੁਝ ਜਾਂਦੇ
ਪੰਛੀ ਬਿਚਾਰੇ ਵੀ, ਵਿੱਚ ਉਲਝ ਕੇ ਮਰ ਜਾਂਦੇ

ਪੈਦਲ,ਸਾਈਕਲ, ਮੋਟਰ ਸਾਈਕਲ ਜੋ ਜਾਂਦੇ
ਚਾਇਨਾ ਡੋਰ ਨਾਲ ਉੱਨਾਂ ਦੇ ਗਲ ਵੱਢੇ ਜਾਂਦੇ

ਕੋਠੇ ਚੁਬਾਰਿਆਂ ਚੜ ਤੁਸੀ ਪਤੰਗ ਉਡਾਉਂਦੇ
ਖ਼ੁਸ਼ੀਆਂ ਦੀ ਥਾਂ ਘਰਾਂ ,ਚ ਸੱਥਰ ਵਿਛ ਜਾਂਦੇ

ਕੱਚ ਡੋਰ ਵਰਤਣ ਵਾਲ਼ਿਓ—ਗੱਲ ਚੇਤੇ ਰੱਖੋ
ਉੱਪਰੋਂ ਆਏ ਹੁਕਮ ਡਰੋਨਾਂ ਨਾਲ ਨਜ਼ਰ ਰੱਖੋ

ਬੱਚਿਆਂ ਦੀ ਪਹਿਚਾਣ ਕਰਕੇ, ਨਾਲ ਸਬੂਤਾ
ਉੱਨਾਂ ਦੇ ਮਾਪਿਆਂ ਨੂੰ, ਥਾਣੇ ,ਚ ਲਿਆ ਡੱਕੋ

ਪ੍ਰਦੂਸ਼ਨ ਕੰਟਰੋਲ ਬੋਰਡ, ਕੀਤੀ ਐ ਸਖ਼ਤਾਈ
ਸਰਕਾਰੀ ਅਦਾਰਿਆਂ ਵੱਲੋਂ ਹਦਾਇਤ ਆਈ

ਇੰਨਾਂ ਹੁਕਮਾਂ ਦੀ,ਜਿਹੜਾ ਵੀ ਕਰੋ ਉਲੰਘਣਾ
10 ਹਜ਼ਾਰ ਤੋਂ ਪੰਦਰਾਂ ਲੱਖ ਪਵੇਗਾ ਜੁਰਮਾਨਾ

ਵਰਲਡ ਪੰਜਾਬੀ ਟਾਈਮਜ਼
ਦੀਪ ਰੱਤੀ